ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।
(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)

## ਪਬਲਿਕ ਨੋਟਿਸ

ਨੰ: 825385/202541334 ਮਿਤੀ 11-2-2025

ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 5994 ਅਸਾਮੀਆਂ ਭਰਨ ਲਈ ਮਿਤੀ 12-10-2022 ਨੂੰ ਵਿਗਿਆਪਨ ਪ੍ਰਕਾਸਿਤ ਕੀਤਾ ਗਿਆ ਸੀ। ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 5994 ਆਸਾਮੀਆਂ ਦਾ ਨਤੀਜਾ ਮਿਤੀ 02-09-2024 ਨੂੰ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ। ਇਸ ਸਿਲੈਕਸਨ ਸੂਚੀ ਦੇ ਯੋਗ ਉਮੀਦਵਾਰਾਂ ਨੂੰ ਆਨਲਾਈਨ ਸਟੇਸ਼ਨ ਚੋਣ ਲਈ ਇਸ ਦਫਤਰ ਵੱਲੋਂ ਵੱਖ-ਵੱਖ ਮਿਤੀਆਂ ਨੂੰ ਜੋ ਪਬਲਿਕ ਨੋਟਿਸ ਜਾਰੀ ਕੀਤੇ ਗਏ ਸਨ, ਉਹ ਰੱਦ ਸਮਝੇ ਜਾਣ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ EWS (Economically Weaker Section) ਦੇ ਰਾਂਖਵਾਕਰਨ ਸਬੰਧੀ ਫੈਸਲੇ ਮਿਤੀ 14.10.2024 ਅਤੇ Hon'ble Supreme Court of India ਵੱਲੋਂ NIOS (National School of Open Schooling) ਡਿਪਲੋਮੇ ਦੀ ਵੈਧਤਾ ਸਬੰਧੀ ਫੈਸਲੇ ਮਿਤੀ 10-12-2024 ਦੇ ਸਨਮੁੱਖ ਅਗਲੇਰੀ ਕਾਰਵਾਈ ਕਰਦੇ ਹੋਈ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਪਹਿਲਾਂ ਜਾਰੀ ਕੀਤੀਆਂ ਪ੍ਰੋਵੀਜਨਲ ਸਿਲੈਕਸਨ ਸੂਚੀਆਂ ਨੂੰ ਰੱਦ ਕਰਦੇ ਹੋਏ, ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਮਿਤੀ 04-02-2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।

4. ਉਕਤ ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਵਿਚਲੇ ਯੋਗ ਉਮੀਦਵਾਰਾਂ ਨੂੰ ਨਾਨ ਬਾਰਡਰ ਏਰੀਆ ਦੇ 17 ਜਿਲਿਆਂ ਵਿੱਚ ਮੌਜੂਦ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸੈੱਲ ਵਲੋਂ ਆਨਲਾਈਨ ਪ੍ਰਕਿਰਿਆ ਰਾਹੀਂ ਸਟੇਸਨ ਚੋਣ ਕਰਵਾਈ ਜਾਣੀ ਹੈ। ਸਟੇਸ਼ਨ ਚੋਣ ਦੇ ਮੰਤਵ ਲਈ ਪੋਰਟਲ ਮਿਤੀ 15-02-2025 ਨੂੰ ਸਵਰੇ 10 ਵਜੇ ਤੋਂ ਮਿਤੀ 16-02-2025 ਸ਼ਾਮ 5 ਵਜੇ ਤੱਕ ਖੁੱਲ੍ਹਾ ਰਹੇਗਾ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਸਮੇਂ ਬਾਰਡਰ ਏਰੀਏ ਰੂਲਾਂ ਅਨੁਸਾਰ 2364 ਭਰਤੀ ਚੱਲ ਰਹੀ ਹੈ। ਇਸ ਲਈ 5994 ਅਸਾਮੀਆਂ ਦੇ ਯੋਗ ਉਮੀਦਵਾਰਾਂ ਨੂੰ ਬਾਰਡਰ ਏਰੀਏ ਦੇ 6 ਜਿਲ੍ਹਿਆਂ ਨੂੰ ਛੱਡ ਕੇ ਬਾਕੀ ਦੇ 17 ਜਿਲ੍ਹਿਆਂ ਵਿੱਚ ਖਾਲੀ ਅਸਾਮੀਆਂ ਵਿਰੁੱਧ ਸਟੇਸ਼ਨ ਅਲਾਟਮੈਂਟ ਲਈ ਵਿਚਾਰਿਆ ਜਾਵੇਗਾ। ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸ਼ਡਿਊਲ ਅਨੁਸਾਰ ਆਪਣੀ ਪਸੰਦ ਦੇ ਸਟੇਸ਼ਨ ਚੋਣ ਕਰਨੇ ਯਕੀਨੀ ਬਣਾਏ ਜਾਣ। ਹਰੇਕ ਉਮੀਦਵਾਰ ਆਪਣੀ ਆਈ.ਡੀ ਵਿੱਚ ਸੋਅ ਹੋ ਰਹੀ ਵੈਕੰਸੀ ਲਿਸਟ ਵਿੱਚੋਂ ਆਪਣੀ ਪਸੰਦ ਦੇ ਜਿੰਨੇ ਮਰਜੀ ਸਟੇਸ਼ਨਾਂ ਦੀ ਆਪਸਨ ਆਪਣੀ ਆਈ.ਡੀ ਵਿੱਚ ਭਰ ਸਕਦੇ ਹਨ। ਇਹ ਪ੍ਰਕਿਰਿਆਂ ਸਮੁੱਚੇ ਰੂਪ ਵਿੱਚ ਆਨਲਾਈਨ ਹੀ ਹੋਵੇਗੀ। ਜਿਹੜੇ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ, ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕਿਰਿਆ ਤਹਿਤ ਐਮ.ਆਈ.ਐਸ ਸਾਖਾ ਵਲੋਂ ਅਲਾਟ ਕਰ ਦਿੱਤਾ ਜਾਵੇਗਾ, ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

5. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ ਕਿਸੇ ਹੋਰ ਭਰਤੀ ਅਧੀਨ ਪਹਿਲਾਂ ਹੀ 17 ਜਿਲਿਆਂ ਵਿੱਚ ਨਿਯੁਕਤ ਹਨ ਅਤੇ ਬਤੌਰ ਈ ਟੀ ਟੀ ਟੀਚਰ ਕੰਮ ਕਰ ਰਹੇ ਹਨ, ਉਹ ਉਮੀਦਵਾਰ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ, ਪ੍ਰੰਤੂ ਇਹ 5994 ਭਰਤੀ ਮੁਤਾਬਿਕ ਨਵੀਂ ਨਿਯੁਕਤੀ ਮੰਨੀ ਜਾਵੇਗੀ ਅਤੇ ਇਸਦੇ ਆਧਾਰ ਤੇ ਹੀ ਸੀਨੀਆਰਤਾ ਫਿਕਸ ਕੀਤੀ ਜਾਵੇਗੀ।

ਸੁਪਰਡੈਂਟ (ਅਮਲਾ-2)